3rd Nov. 2010



# ਨਾਟਕ 'ਸ਼ਾਸਤਰੀ ਦੀ ਦੀਵਾਲੀ'

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਸ਼ਾਸਤਰੀ ਦੀ ਦੀਵਾਲੀ ਚਰਨਦਾਸ ਸਿੱਧੂ ਦੇ ਤਿੰਨ ਨਾਟਕਾਂ ਦੀ ਕਿਤਾਬ 'ਪੰਡਤ ਕਾਲੂ ਘੁਮਾਰ ਅਤੇ ਹੋਰ ਨਾਟਕ' ਵਿਚ ਤੀਜਾ ਨਾਟਕ ਹੈ। ਇਸ ਨੂੰ ਮਹਾਨਗਰੀ ਪੰਜਾਬੀ ਨਾਟਕ ਦਾ ਪ੍ਰਤਿਨਿਧ ਨਾਟਕ ਵੀ ਕਿਹਾ ਜਾ ਸਕਦਾ ਹੈ

ਚਰਨ ਦਾਸ ਸਿੱਧੂ ਪੰਜਾਬੀ ਨਾਟਕ ਦਾ ਇਕ ਸਥਾਪਤ ਹਸਤਾਖਰ ਹੈ। ਉਹਦੀ ਸਥਾਪਤੀ ਅੱਜ ਤੋਂ ਕੋਈ ਤੀਹ ਸਾਲ ਪਹਿਲਾਂ 'ਭਜਨੋ' ਨਾਟਕ ਨਾਲ ਹੋਈ ਤੇ ਇਸ ਤੋਂ ਬਾਅਦ ਲਗਾਤਾਰ ਉਹਦੇ ਨਾਟਕ ਥੋੜ੍ਹੇ ਥੋੜ੍ਹੇ ਵਕਫੇ ਬਾਅਦ ਆਉਂਦੇ ਰਹੇ। ਇਨ੍ਹਾਂ ਵਿਚੋਂ ਬਾਬਾ ਬੰਤੂ ਅੰਬੀਆਂ ਨੂੰ ਤਰਸੇਂਗੀ, ਪੰਜ ਖੂਹ ਵਾਲੇ, ਭਾਈਆ ਹਾਕਮ ਸਿੰਹੁ, ਕੱਲ੍ਹ ਕਾਲਜ ਬੰਦ ਰਹੇਗਾ, ਕਿੱਸਾ ਪੰਡਤ ਕਾਲੂ ਘੁਮਾਰ, ਨਾਸਤਕ ਸ਼ਹੀਦ, ਪੂਨਮ ਦੇ ਬਿਛੂਏ ਆਦਿਕ ਨੇ ਨਾਟ ਆਲੋਚਕਾਂ ਦਾ ਧਿਆਨ ਖਿੱਚਿਆ। ਦੁਆਬੇ ਦਾ ਜੰਮਪਲ (ਜਨਮ ਮਿਤੀ 14 ਮਾਰਚ 1938) ਚਰਨ ਦਾਸ ਸਿੱਧੂ ਆਪਣੇ ਾਟਕਾਂ ਵਿਚ ਦੁਆਬੇ ਦੀ ਬੋਲੀ, ਉਹਦੇ ੁਹਾਵਰੇ ਅਤੇ ਚੁਸਤ ਵਾਰਤਾਲਾਪ ਦੀ ਵਿਸ਼ੇਸ਼ਤਾ ਰ ਕੇ ਜਾਣਿਆ ਜਾਂਦਾ ਹੈ। ਦੁਆਬੇ ਤੋਂ ਆ ਕੇ ਦਿੱਲੀ ਵਿਚ ਪੱਕੀ ਤਰ੍ਹਾਂ ਰਹਿਣ ਕਰ ਕੇ ਅਤੇ ਾਲ ਹੀ ਕਾਲਜ ਵਿਚ ਅੰਗਰੇਜ਼ੀ ਦਾ ਧਿਆਪਕ ਹੋਣ ਕਰ ਕੇ ਉਹਦਾ ਂਤਰਰਾਸ਼ਟਰੀ ਨਾਟਕ ਦਾ ਅਧਿਐਨ ਵੀ ਡੂੰਘਾ । ਇਸ ਕਰ ਕੇ ਉਹਦੇ ਨਾਟਕਾਂ ਵਿਚ ਬੌਧਿਕਤਾ ਤੇ ਸਮਾਜਿਕ ਵਿਅੰਗ ਉਚੇ ਦਰਜੇ ਦਾ ਹੈ। ਰਨ ਦਾਸ ਸਿੱਧੂ ਬਾਰੇ ਇਹ ਵੀ ਕਿਹਾ ਜਾ ਕਦਾ ਹੈ ਕਿ ਜਦੋਂ ਉਹਨੇ ਨਾਟਕ ਖੇਤਰ ਵਿਚ ਵੇਸ਼ ਕੀਤਾ ਜਾਂ ਦਿੱਲੀ ਵਿਖੇ ਸਪਰੂ ਹਾਊਸ ਾਟਕ ਲਹਿਰ ਦਾ ਦੌਰ ਸੀ, ਜਿਸ ਦੇ ਵਿਚ ਹਰੇ ਅਰਥਾਂ ਵਾਦੀ ਲੱਚਰ ਵਾਰਤਾਲਾਪ ਸਤੀ ਸ਼ੁਹਰਤ ਦਾ ਕਾਰਨ ਸੀ ਅਤੇ ਪੰਜਾਬੀ ਾਟਕ ਉਹਦੀ ਦਲਦਲ ਵਿਚ ਪੂਰੀ ਤਰ੍ਹਾਂ ਸਿਆ ਹੋਇਆ ਸੀ। ਚਰਨ ਦਾਸ ਸਿੱਧੂ ਨੇ ਲੀ ਵਿਖੇ ਉਸ ਦੌਰ ਵਿਚ ਪੰਜਾਬੀ ਨਾਟਕ ਨੂੰ ਕ ਤਾਜ਼ਗੀ ਦਿੱਤੀ। ਭਜਨੋਂ ਨੂੰ ਲੈ ਕੇ ਹੁਣ ਤਕ ਚਰਨ ਦਾਸ ਸਿੱਧੂ ਦੇ ਨਾਟਕਾਂ ਦੀ ਆਪਣੀ ਕ ਸ਼ੈਲੀ ਹੈ। ਨਿਮਨ ਵਰਗ ਦੇ ਲੋਕਾਂ ਦੀ ਤਰ ਉਸਾਰੀ ਉਹ ਬੜੀ ਬਰੀਕੀ ਨਾਲ ਕਰਦਾ ਸਮਾਜਿਕ ਨਿਆਂ ਦੇ ਪੱਖ ਤੋਂ ਉਹ ਪੂਰੀ ਤਰ੍ਹਾਂ ਹਨਾਂ ਦੇ ਨਾਲ ਖਲੋਂਦਾ ਹੈ। ਉੱਚ ਜਾਤੀ ਦੇ ਅਭਿਮਾਨ ਦੀਆਂ ਉਹ ਬੇਕਿਰਕ ਧੱਜੀਆਂ ਡਾਂਦਾ ਹੈ। ਇਹ ਕਰਦਾ ਹੋਇਆ ਉਹ ਬਹੁਤ ਰ ਅਸਾਹਿਤਕ ਸ਼ਬਦਾਵਾਲੀ ਦਾ ਇਲਜ਼ਾਮ ਆਪਣੇ 'ਤੇ ਲੈ ਲੈਂਦਾ ਹੈ। ਭਾਵੇਂ ਇਹ ਕਿਹਾ ਸਕਦਾ ਹੈ ਕਿ ਇਹ ਸ਼ਬਦਾਵਾਲੀ ਉਹਦੇ ਟਕਾਂ ਦਾ ਗੁਣ ਹੋ ਨਿਬੜਦੀ ਹੈ।

'ਸ਼ਾਸਤਰੀ ਦੀ ਦੀਵਾਲੀ' ਮੱਧ ਵਰਗ ਦੀ ਦੀ ਦੀ ਕਹਾਣੀ ਹੈ। ਲੇਖਕ ਨੇ ਅੱਜ ਦੇ ਤੀ ਮੱਧਵਰਗ ਨੂੰ ਬੜੀ ਨੇੜਿਓਂ ਵੇਖਿਆ ਹੈ ਹਮਦਰਦੀ ਸਹਿਤ ਇਸ ਦੀ ਤ੍ਰਾਸਦੀ ਨੂੰ ਖਿਆ ਹੈ। ਇਹ ਨਾਟਕ ਦੁਵੱਲੀ ਘੇਖ ਵਿਚ ਹੋਏ ਟੱਬਰ ਦੀ ਕਹਾਣੀ ਹੈ। ਚਰਨ ਦਾਸ ਦੇ ਆਪਣੇ ਕਹੇ ਮੁਤਾਬਿਕ, 'ਮੇਰੇ ਕਾਲਜ ਚਾਰ ਟੀਚਰਾਂ ਦੇ ਜੁਆਨ ਪੁੱਤਰ ਮਹੱਤਿਆ ਕਰ ਚੁੱਕੇ ਹਨ। ਮੇਰੇ ਕੁਝ ਕੁ ਵਿਦਿਆਰਥੀ ਵੀ ਜ਼ਿੰਦਗੀ ਦਾ ਹੌਸਲਾ ਾ ਕੇ ਮੌਤ ਦੇ ਮੂੰਹ ਜਾ ਚੁੱਕੇ ਹਨ। ਮੇਰੇ ਵਾਸਤੇ ਅਮਿਭਾਤ ਸਿਹਨਾ, ਜੈਸਮਿਨ ਸੂਰੀ ਤੇ ਲਿੰਡਾ ਰੀਬਸ ਨੂੰ ਭੁਲਾ ਸਕਣਾ ਸੌਖਾ ਨਹੀਂ। ਕਿਹੋ ਜਿਹੇ ਘਰਾਂ ਦੇ ਬੱਚੇ ਐਨੇ ਕਮਜ਼ੋਰ ਰਹਿ ਜਾਂਦੇ ਹਨ ਕਿ ਉਹ ਮੌਤ ਦੀ ਗੋਦ ਵਿਚ ਬੈਠਣ ਲਈ ਮਜਬੂਰ ਹੋ ਜਾਂਦੇ ਹਨ? ਉਹਨਾਂ ਦੇ ਮਾਂ-ਪਿਉ, ਰਿਸ਼ਤੇਦਾਰ, ਟੀਚਰ ਕਿਹੋ ਜਿਹੇ ਹੁੰਦੇ ਹਨ? ਇਨ੍ਹਾਂ ਸਵਾਲਾਂ ਦਾ ਇਕ ਜਵਾਬ ਹੈ: ਦਯਾ ਕ੍ਰਿਸ਼ਨ ਸ਼ਾਸਤਰੀ ਵਰਗੇ ਪਿਉ-ਜੋ ਨਵੀਂ ਪੀੜ੍ਹੀ ਨੂੰ, ਬਦਲਦੇ ਜ਼ਮਾਨੇ ਨੂੰ, ਸਮਝਣ ਤੋਂ ਅਸਮਰਥ ਹਨ।

ਕਹਾਣੀ ਦਾ ਸਾਰੰਸ਼ ਕਿਤਾਬ ਵਿਚ ਨਾਟਕ ਦੀ ਭੂਮਿਕਾ ਅਨੁਸਾਰ ਇਸ ਤਰ੍ਹਾਂ ਹੈ, ਪੰਡਤ ਦਯਾ ਕ੍ਰਿਸ਼ਨ ਸ਼ਾਸਤਰੀ ਦਿੱਲੀ ਦੇ ਇਕ ਸਰਕਾਰੀ ਸਕੂਲ ਵਿਚ ਸੰਸਕ੍ਰਿਤ ਪੜ੍ਹਾਉਂਦਾ ਹੈ। ਉਹ ਇਕ ਨਿਰਧਨ ਬ੍ਰਾਹਮਣ ਪਰਿਵਾਰ ਵਿਚ ਪੈਦਾ ਹੋਇਆ ਸੀ। ਉਸ ਦਾ ਬਚਪਨ ਪਿੰਡ ਭੈਂਸਵਾਲ ਜ਼ਿਲਾ ਰੋਹਤਕ ਵਿਚ ਗੁਜ਼ਰਿਆ। ਸ਼ਾਸਤਰੀ ਜੀ ਨੂੰ ਹਰਿਆਣਾ ਦੇ ਪਿੰਡਾਂ ਨਾਲ, ਜਨਜੀਵਨ ਨਾਲ, ਖਾਸ ਕਰ ਕੇ ਸਾਂਗ ਖੇਡਣ ਵਾਲੇ ਪੰਡਤ ਲਖਮੀ ਚੰਦ ਨਾਲ ਗੂੜ੍ਹਾ ਪਿਆਰ ਹੈ। ਸ਼ਾਸਤਰੀ ਇਕੋ ਸਮੇਂ ਦੋ ਯੁੱਗਾਂ ਵਿਚ ਜੀਅ ਰਿਹਾ ਹੈ। ਉਸ ਨੂੰ ਪ੍ਰਾਚੀਨ ਹਿੰਦੂ ਧਰਮ ਵਿਚ, ਸ਼ਾਸਤਰਾਂ ਵਿਚ, ਡੂੰਘੀ ਆਸਥਾ ਹੈ। ਉਹ ਚਾਹੁੰਦਾ ਹੈ ਕਿ ਉਸ ਦੀ ਪਤਨੀ, ਧੀ ਤੇ ਪੁੱਤਰ ਪੁਰਾਤਨ ਬ੍ਰਾਹਮਣ ਪਰਿਵਾਰ ਬਣ ਕੇ ਜੀਣ। ਨਾਲੋ ਨਾਲ ਉਹ ਆਪਣੀ ਧੀ ਨਿਸ਼ੀ ਨੂੰ ਤੇ ਪੁੱਤਰ ਬਿੱਟੂ ਨੂੰ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਂਦਾ ਹੈ ਤਾਂ ਜੋ ਉਹ ਅਜੋਕੇ ਯੁੱਗ ਦੇ ਉੱਚੇ ਅਹੁਦੇ ਲੈ ਸਕਣ।

ਸ਼ਾਸਤਰੀ ਖੁੱਲ੍ਹੇ ਦਿਲ ਵਾਲਾ ਹੋਣ ਦਾ ਦਾਅਵਾ ਕਰਦਾ ਹੈ ਲੇਕਿਨ ਜਮਾਂਦਾਰਨੀ ਚਮੇਲੀ ਨਾਲ ਛੂਤ-ਛਾਤ ਕਰਦਾ ਹੈ। ਉਹ ਆਪਣੇ ਸਹਿਯੋਗੀ ਮਾਸਟਰ ਗੁਲਾਟੀ ਵਾਂਗ ਜੂਆ, ਸ਼ਰਾਬ ਅਤੇ ਪਰਾਈਆਂ ਔਰਤਾਂ ਪਿੱਛੇ ਨਹੀਂ ਭੱਜਦਾ। ਮਗਰ ਆਪਣੀ ਸੁੰਦਰ ਕਿਰਾਏਦਾਰ ਪਦਮਾ ਦੇਸਾਈ ਨਾਲ ਸਬੰਧ ਜੋੜਨ ਦੀ ਲਾਲਸਾ ਰੱਖਦਾ ਹੈ।

ਦਿਵਾਲੀ ਤੋਂ ਦੋ ਦਿਨ ਪਹਿਲਾਂ, ਸ਼ਾਸਤਰੀ ਉਤੇ ਇਕੋ ਵਾਰੀ ਤਿੰਨ ਸਮੱਸਿਆਵਾਂ ਹਮਲਾ ਕਰਦੀਆਂ ਹਨ। ਉਸ ਦੀ ਧੀ ਨਿਸ਼ੀ ਕਿਸੇ ਮੁੰਡੇ ਦੇ ਇਸ਼ਕ ਵਿਚ ਫਸੀ ਦਿਸਦੀ ਹੈ। ਉਹਦਾ ਪੁੱਤਰ ਬਿੱਟੂ ਆਪਣੀ ਕਲਾਸ ਦੀ ਅੰਜੂ ਗੁਲਾਟੀ ਨੂੰ ਗਰਭਵਤੀ ਬਣਾ ਦਿੰਦਾ ਹੈ ਅਤੇ ਗਰਭਪਾਤ ਵਾਸਤੇ ਪੰਜ ਹਜ਼ਾਰ ਰੁਪਏ ਮੰਗਦਾ ਹੈ। ਸ਼ਾਸਤਰੀ ਦੀ ਪਤਨੀ ਹੇਮਾ ਸੰਸਥਾ 'ਸਹੇਲੀ' ਦੀ ਮੈਂਬਰ ਬਣ ਜਾਂਦੀ ਹੈ ਅਤੇ ਦੁਖੀ ਔਰਤਾਂ ਨੂੰ ਸਹਾਰਾ ਦੇਣ ਖਾਤਰ ਘਰ ਤੋਂ ਬਾਹਰ ਜਾਣ ਲਗ ਪੈਂਦੀ ਹੈ। ਸ਼ਾਸਤਰੀ ਇਨ੍ਹਾਂ ਸਮੱਸਿਆਵਾਂ ਦਾ ਮੁਕਾਬਲਾ ਦੁਬੰਗ ਪਿਉ ਬਣ ਕੇ ਕਰਦਾ ਹੈ। ਨਿਸ਼ੀ ਨੂੰ ਆਪਣੇ ਹਰਿਆਣਵੀ ਮਿੱਤਰ ਦੇ ਪੁੱਤਰ ਨਾਲ ਵਿਆਹ ਕਰਨ ਵਾਸਤੇ ਆਖਦਾ ਹੈ-ਨਹੀਂ ਤਾਂ ਉਹ ਨਿਸ਼ੀ ਨੂੰ ਘਰੋਂ ਕੱਢ ਦੇਵੇਗਾ। ਬਿੱਟੂ ਨੂੰ ਥੱਪੜ ਮਾਰਦਾ ਹੈ ਅਤੇ ਅੰਜੂ ਗੁਲਾਟੀ ਦੇ ਪਿਉ ਨਾਲ ਮਹਾਂਭਾਰਤ ਛੇੜ ਲੈਂਦਾ ਹੈ। ਪਤਨੀ ਹੇਮਾ ਨੂੰ 'ਸਹੇਲੀ' ਸੰਸਥਾ ਛੱਡਣ ਦਾ ਹੁਕਮ ਸੁਣਾਉਂਦਾ ਹੈ। ਸ਼ਾਸਤਰੀ ਦਾ ਸਖਤੀ ਦਾ ਉਲਟਾ ਅਸਰ ਹੁੰਦਾ ਹੈ। ਨਿਸ਼ੀ ਆਪਣੇ ਦੋਸਤ ਚਮਨ ਭਾਟੀਆ ਨਾਲ ਵਿਆਹ ਰਚਾ ਕੇ ਵਿਦੇਸ਼ ਜਾ ਰਹੀ ਹੈ। ਬਿੱਟੂ ਮਾਨਸਿਕ ਸੰਤੁਲਨ ਗਵਾ ਬਹਿੰਦਾ ਹੈ। ਪਿਉ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਹਸਪਤਾਲ ਪਹੁੰਚ ਜਾਂਦਾ ਹੈ। ਪਤਨੀ ਹੇਮਾ ਘਰ ਛੱਡ ਕੇ 'ਸਹੇਲੀ' ਦੇ ਦਫਤਰ ਰਹਿਣ ਜਾ ਰਹੀ ਹੈ।

ਦੀਵਾਲੀ ਦੀ ਸ਼ਾਮ ਸ਼ਾਸਤਰੀ ਆਪਣੀ ਤਿਮੰਜ਼ਲੀ ਕੋਠੀ ਅੰਦਰ ਕੱਲਾ ਹੈ। ਜਮਾਂਦਾਰਨੀ ਚਮੇਲੀ ਨਾਲ ਰਾਤ ਭਰ ਦੀਵਾਲੀ ਮਨਾਉਣ ਲਈ ਮਜਬੂਰ ਹੈ।

ਉਪਰਲੀ ਇਸ ਕਹਾਣੀ ਨੂੰ ਚਰਨ ਦਾਸ ਸਿੱਧੂ ਨੇ ਸ਼ਕਤੀਸ਼ਾਲੀ ਨਾਟਕੀ ਮੁਹਾਵਰੇ ਵਿਚ ਪੇਸ਼ ਕੀਤਾ ਹੈ। ਤਕਨੀਕੀ ਤੌਰ 'ਤੇ ਇਹ ਨਾਟਕ ਲੇਖਣੀ ਦੀ ਸੰਪੂਰਨ ਮਿਸਾਲ ਹੈ। ਸ਼ੁਰੂ ਤੋਂ ਹੀ ਨਾਟਕ ਦਰਸ਼ਕਾਂ ਨੂੰ ਜਾਂ ਪਾਠਕਾਂ ਨੂੰ ਆਪਣੀ ਪਕੜ ਲੈ ਲੈਂਦਾ ਹੈ। ਨਾਟਕੀ ਤਣਾਅ ਹੌਲੇ ਹੌਲੇ ਵਧਦਾ ਜਾਂਦਾ ਹੈ ਅਤੇ ਫੇਰ ਇਕ ਸਿਖਰ 'ਤੇ ਪੁੱਜਦਾ ਹੈ। ਕਿਸੇ ਮਸਲੇ ਨੂੰ ਇਕ ਨਾਟਕੀ ਰੰਗ ਵਿਚ ਪੇਸ਼ ਕਰਨਾ ਅਤੇ ਕਾਮਯਾਬੀ ਨਾਲ ਕਰਨਾ, ਇਹ ਇਸ ਨਾਟਕ ਦੀ ਪ੍ਰਾਪਤੀ ਹੈ।

ਨਾਟਕ ਦਾ ਸ਼ੁਰੂ ਸ਼ਾਸਤਰੀ ਦੇ ਘਰ ਦੀ ਸਵੇਰ ਹੈ। ਸ਼ਾਸਤਰੀ ਮੰਦਿਰ ਵਿਖਿਆਣ ਲਈ ਗਿਆ ਹੈ, ਜਿਥੇ ਉਹਨੇ ਉੱਚੇ ਆਚਰਨ ਦੀ ਗੱਲ ਕਰਨੀ ਹੈ, ਲਤਾ ਇਕ ਟੈਲੀਫੋਨ ਆਉਣ 'ਤੇ ਇਕ ਦੁਖੀ ਔਰਤ ਦੀ ਸੰਭਾਲ ਲਈ ਗਈ ਹੈ, ਜਿਸ ਨੇ ਆਤਮ-ਹੱਤਿਆ ਦੀ ਕੋਸ਼ਿਸ਼ ਕੀਤੀ ਹੈ। ਨਿਸ਼ੀ ਆਪਣੇ ਦੋਸਤ ਨਾਲ ਫੋਨ 'ਤੇ ਗੱਲ ਕਰ ਰਹੀ ਹੈ। ਬਿੱਟੂ ਕੋਲ ਖਲੋਤਾ ਉਡੀਕ ਰਿਹਾ ਹੈ ਕਿ ਨਿਸ਼ੀ ਗੱਲ ਖਤਮ ਕਰੇ ਤਾਂ ਉਹ ਆਪਣੀ ਸਹੇਲੀ ਨਾਲ ਗੱਲ ਕਰੇ। ਨਿਸ਼ੀ ਆਪਣੇ ਦੋਸਤ ਨੂੰ ਟੈਲੀਫੋਨ 'ਤੇ ਹੀ 'ਕਿਸ' ਕਰਦੀ ਹੈ। ਸ਼ਾਸਤਰੀ ਬੂਹੇ 'ਤੇ ਖਲੋਤਾ ਵੇਖ ਲੈਂਦਾ ਹੈ। ਵਾਰਤਾਲਾਪ ਕਿਸ ਤਰ੍ਹਾਂ ਤਣਾਅ ਪੈਦਾ ਕਰਦਾ ਹੈ, ਉਹ ਇਸ ਤਰ੍ਹਾਂ ਹੈ:

ਬਿੱਟੂ: ਇਹ ਟੈਲੀਫੋਨ ਤੇਰੇ ਕੱਲੀ ਵਸਤੇ ਨਹੀਂ ਲੱਗਾ, ਹੀਰੋਇਨ ...ਸੁੱਤੀ ਉੱਠੀ ਨਹੀਂ...ਲਵ ਲਵ ਡਾਇਲਾਗ ਦੀ ਰੀਹਰਸਲ ਸ਼ੁਰੂ। ਨਿਸ਼ੀ: ਮੈਂ ਕਿਆ ਜਾਣਦੀ ਨਹੀਂ ਤੇਰੀ 'ਲਵ' ਦੇ ਬਾਰੇ ...ਤੇਰੀ ਅੰਜੂ ਗੁਲਾਟੀ ਬਾਰੇ, ਸ਼ਰਮ ਕਰ, ਸਕੂਲ 'ਚੋਂ ਨਿਕਲੇ ਨਹੀਂ ਹਾਲੀ ਦੋਵੇਂ।

ਸ਼ਾਸਤਰੀ: (ਆਉਂਦਾ ਹੈ) ਕੌਣ ਸੀ ਟੈਲੀਫੋਨ 'ਤੇ? ਟੈਲੀਫੋਨ ਗੱਲਾਂ ਕਰਨ ਲਈ ਹੁੰਦਾ ਹੈ, ਚੁੰਮਣ ਲਈ ਨਹੀਂ-ਤੁਸੀਂ ਦੋਵੇਂ ਕੀ ਕਰ ਰਹੇ ਸੀ? ਇਹ ਬਦਮਾਸ਼ ਕੌਣ ਸੀ ਦੂਜੇ ਪਾਸੇ?....ਬੇਹਯਾ ਇਸੇ ਲਈ ਟੈਲੀਫੋਨ ਲਗਵਾਇਆ ਮੈਂ? ਬਈ ਤੂੰ ਪਰਾਤਾ 'ਕਾਲ ਉਠ ਕੇ ਕੁਲਟਾਵਾਂ ਵਾਲਾ ਧੰਦਾ ਕਰੇਂ? ਇਨ੍ਹਾਂ ਕੰਮਾਂ ਲਈ ਪਾਲ ਪੋਸ ਕੇ ਵੱਡਾ ਕੀਤਾ ਤੈਨੂੰ? ਕੀ ਕਹਿਣਗੇ ਬ੍ਰਾਹਮਣ ਸਮਾਜ ਦੇ ਸਦੱਸਯ ਮੈਨੂੰ? ਉਧਰ ਮੈਂ ਸਨਾਤਨ ਸਭਾ ਅੰਦਰ ਉੱਚੇ ਚਰਿੱਤਰ ਉਤੇ ਵਿਆਖਿਆਨ ਦੇਵਾਂ, ਐਧਰ ਤੂੰ ਪ੍ਰੇਮ ਅਲਾਪ ਸ਼ੁਰੂ ਕਰਦੇਂ? ਗੁੰਡੇ ਬਦਮਾਸ਼ਾਂ ਨਾਲ?...ਮਾਂ ਤੁਹਾਡੀ ਕਿਧਰ ਗਈ ਏ? ਕੀ ਕਿਹਾ ਸਹੇਲੀ ਦੇ ਕੰਮ ਗਈ ਹੈ, ਕਿਸੇ ਅਬਲਾ ਦੀ ਸਹਾਇਤਾ ਲਈ? ਖੂਬ, ਆਪਣਾ ਘਰ ਇਥੇ ਜਲ ਰਿਹਾ। ਸਪੁੱਤਰੀ ਲੁੱਚਿਆਂ ਲਫੰਗਿਆਂ ਨੂੰ ਚੱਟ ਚੁੰਮ ਰਹੀ ਹੈ। ਉਹ ਵੀ ਟੈਲੀਫੂਨ ਰਾਹੀਂ ਤਾਂ ਇਸ ਸਮਾਜ ਸੁਧਾਰਕ ਨੂੰ ਪਰਾਈਆਂ ਛੋਕਰੀਆਂ ਬਚਾਉਣੇ ਦੀ ਪਈ ਏ, ਉਹੀ ਐ ਮੁਸੀਬਤ ਦੀ ਜੜ੍ਹ।...

ਟੈਲੀਫੋਨ ਅਸ਼ਲੀਲ ਹਰਕਤਾਂ ਵਾਸਤੇ ਹੁੰਦੈ? ਮੁੰਡਿਆਂ ਨਾਲ ਫੁਸ ਫੁਸਾਉਣ ਵਾਸਤੇ ਹੁੰਦੈ? ਬਿਲ ਪਤਾ ਕਿੰਨਾ ਆਇਆ? ਸਭ ਤੁਹਾਡੀ ਵਜ੍ਹਾ ਕਰ ਕੇ ਐ। ਤੁਸੀਂ ਮੈਨੂੰ ਕੰਗਾਲ ਬਣਾ ਕੇ ਛੱਡੋਗੇ। ਮਾਂ ਵਾਂਗਰ ਪੈਸਾ ਬਚਾਉਣਾ ਨਹੀਂ। ਬਰਬਾਦ ਕਰਨਾ। ਐਧਰ ਮੈਂ ਦਰਵਾਜ਼ਿਓਂ 'ਬਾਹਰ ਪੈਰ ਪਾਇਆ ਨਹੀਂ ਉਧਰ ਇਹ ਤਿੰਨੋਂ ਮੂਰਤੀਆਂ ਲੱਗੀਆਂ ਬੱਕ ਬੱਕ, ਬੱਕ ਬੱਕ ਕਰਨਾ। ਆਪਣੇ ਆਪਣੇ ਉਚੱਕੇ ਯਾਰਾਂ ਨਾਲ ਗੁਫਤਗੂ ਫਰਮਾਉਣ।.. (ਪਤਨੀ ਦੇ ਆਉਣ ਤੇ ਉਹਨੂੰ ਸੰਬੋਧਨ) ਲੱਗੀ ਲੋਕਾਂ ਦੀਆਂ ਲੌਂਡੀਆਂ ਨੂੰ ਬਚਾਉਣ? ਪਹਿਲੋਂ ਆਪਣੀ ਤਾਂ ਬਚਾ...ਪੰਡਤ ਲਖਮੀ ਚੰਦ ਸਹੀ ਗੌਂਦੇ ਹੁੰਦੇ ਸੀਗੇ।

**ਲਾਡ ਦੀਏ ਤੈਂ ਬੇਟਾ ਬਿਗੜੈ ਭੇਦ ਦੀਏ ਤੈ ਨਾਰੀ**
**ਖੁਦਗਰਜ਼ੀ ਮੈਂ ਭਾਈ ਬਿਗੜੈ ਪੜੈ ਮੁਸੀਬਤ ਭਾਰੀ**
**ਆਜ਼ਾਦੀ ਮੈਂ ਬੇਟੀ ਬਿਗੜੈ, ਦਾਗ਼ ਨੀਂ ਧੋਏ ਜਾ**
**ਚਿੰਤਾ ਬੁੱਧੀ ਨਾ ਰਹੈ ਟਿਕਾਣੈ ਸਭ ਕਿਆਹੀ ਤੈਂ ਖੋਏ ਜਾ'**

ਨਾਟਕ ਦੀਆਂ ਅਗਲੀਆਂ ਝਾਕੀਆਂ ਵਿਚ ਸ਼ਾਸਤਰੀ ਕਲਪਦਾ ਹੈ ਪਰ ਉਹਦੀ ਪਤਨੀ, ਧੀ, ਪੁੱਤਰ ਆਪਣੇ ਆਪਣੇ ਕੰਮ ਵਿਚ ਰੁੱਝੇ ਹਨ। ਉਪ ਕਹਾਣੀਆਂ ਵੀ ਨਾਲ ਨਾਲ ਤੁਰਦੀਆਂ ਹਨ। ਮਾਸਟਰ ਗੁਲਾਟੀ ਦੀਆਂ, ਚਮੇਲੀ ਜਮਾਂਦਾਰਨੀ ਅਤੇ ਕਿਰਾਏਦਾਰਨੀ ਪਦਮਾ ਦੇਸਾਈ ਦੀ। ਸਿਖਰ ਵਿਚ ਸ਼ਾਸਤਰੀ ਇਕੱਲਾ ਹੈ, ਦੀਵਾਲੀ ਦੀ ਰਾਤ ਹਨੇਰੇ ਵਿਚ ਬੈਠਾ ਹੈ। ਚਮੇਲੀ ਆਈ ਹੈਂ।....

ਚਮੇਲੀ: ਸ਼ਾਸਤਰੀ ਜੀ, ਗ਼ਮ ਨਾ ਕਰੋ, ਸਵੇਰੇ ਉਹ ਲੋਕੀਂ ਘਰ ਆ ਜਾਣਗੇ। ਬੱਤੀ ਜਗਾ ਦਿਆਂ?

ਸ਼ਾਸਤਰੀ: ਨਹੀਂ, ਹਨੇਰਾ ਸੁਖਦ ਹੈ...ਜਾ ਰਹੀ ਏਂ?...ਆ ਰੁੱਕ, ਦੂਰ ਕਿਉਂ ਖੜ੍ਹੀ ਏਂ? ਲਾਗੇ ਆ। ਕੀ ਕਿਹਾ? ਛੂਤ-ਛਾਤ? ਮੈਂ ਐਡਾ ਮੂਰਖ ਨਹੀਂ, ਹੱਡ ਮਾਸ ਦਾ ਪ੍ਰਾਣੀ ਹਾਂ.... ਰੁਕ ਸਕੇਂਗੀ ਅੱਜ ਦੀ ਰਾਤ? ਦੋ ਸੌ ਮੈਂ ਦੇਵਾਂਗਾ....।

ਸ਼ਾਸਤਰੀ ਦੀ ਕਹਾਣੀ ਜਿਸ ਸਿਖਰ ਉਤੇ ਮੁੱਕਦੀ ਹੈ, ਉਹ ਇਸ ਨਾਟਕ ਨੂੰ ਪੰਜਾਬੀ ਨਾਟਕ ਦੀ ਵੱਡੀ ਪ੍ਰਾਪਤੀ ਦਾ ਦਰਜਾ ਦਿੰਦਾ ਹੈ।